# ਇਨਸਪੈਕਟਰ ਲੀਗਲ ਮੈਟਰੋਲੋਜੀ
# (ਨਾਪ ਤੇ ਤੋਲ)

ਇਹ ਦਫ਼ਤਰ ਰੇਲਵੇ ਰੋਡ ਨਜ਼ਦੀਕ ਸਿਟੀ ਥਾਣਾ ਮਾਨਸਾ ਦੇ ਦਫ਼ਤਰ ਦੇ ਨੇੜੇ ਸਥਿੱਤ ਹੈ।

***ਦਫ਼ਤਰ ਦੀ ਬਣਤਰ:***

ਇਨਸਪੈਕਟਰ ਲੀਗਲ ਮੈਟਰੋਲੋਜੀ (ਨਾਪ ਤੇ ਤੋਲ) ਦਫ਼ਤਰ ਦਾ ਨਾਮ ਹੈ ਜਿਸ ਵਿੱਚ ਹੇਠ ਲਿਖੇ ਕਰਮਚਾਰੀ ਕੰਮ ਕਰਦੇ ਹਨ।

1. ਇਨਸਪੈਕਟਰ (ਨਾਪ ਤੇ ਤੋਲ) ਲੀਗਲ ਮੈਟਰੋਲੋਜੀ।
2. ਮੈਨੂਅਲ ਸਹਾਇਕ ਦਫਤਰ ਨਾਪ ਤੋਲ।
3. ਇਹ ਦਫ਼ਤਰ ਸਰਕਾਰ ਵਲੋਂ ਦਿੱਤੇ ਗਏ ਵਾਰਸ਼ਿਕ ਸਟੈਂਡਰਡਜ ਮੁਤਾਬਿਕ ਇਲਾਕੇ ਵਿੱਚ ਵਿਉਪਾਰਕ ਅਦਾਰਿਆਂ ਤੇ ਰੱਖੇ ਨਾਪ ਤੋਲ ਦੇ ਉਜਾਰਾਂ ਨੂੰ ਪਾਸ ਕਰਕੇ ਮੋਹਰਬੰਦ ਬਣਾਉਂਦਾ ਹੈ।
4. ਦੀ ਸਟੈਂਡਰਡਜ ਨਾਪ ਤੇ ਤੋਲ ਐਕਟ ਅਤੇ ਰੂਲਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਵਿਰੁੱਧ ਬਣਦੀ ਕਾਰਵਾਈ ਮੌਕੇ ਤੇ ਜਾ ਕੇ ਕਰਦਾ ਹੈ, ਅਤੇ ਵਿਉਪਾਰਕ ਅਦਾਰਿਆਂ ਦਾ ਵੱਧ ਤੋਂ ਵੱਧ ਨਿਰੀਖਣ ਵੀ ਕਰਦਾ ਹੈ ਅਤੇ ਨਾਪ ਤੋਲ ਵਿੱਚ ਉਲੰਘਣਾ ਕਰਨ ਵਾਲੇ ਦਾ ਚਲਾਣ ਵੀ ਕੀਤਾ ਜਾਂਦਾ ਹੈ। ਜਿਸ ਨੂੰ ਕਿ ਐਕਟ ਅਤੇ ਰੂਲਾਂ ਅਨੁਸਾਰ ਜ਼ੁਰਮਾਨਾ ਅਤੇ ਦੂਸਰੀ ਵਾਰ ਕਾਨੂੰਨੀ ਉਲੰਘਣਾ ਕਰਨ ਤੇ ਕੈਦ ਵੀ ਹੋ ਸਕਦੀ ਹੈ।

ਇਹ ਦਫ਼ਤਰ ਡੱਬਾ ਬੰਦ ਵਸਤੂਆਂ ਉਪਰ ਦੀ ਸਟੈਂਡਰਡਜ ਵੇਟ ਐਂਡ ਮੇਯਅਰਜ ਪੈਕੇਜ ਕੋਮਡੀਟੀ ਰੂਲਾਂ ਮੁਤਾਬਿਕ ਉਹਨਾਂ ਉਪਰ :-

1. ਡੱਬੇ ਵਿੱਚ ਬੰਦ ਚੀਜ ਦਾ ਨਾਮ
2. ਉਸ ਦਾ ਕੁੱਲ ਭਾਰ।
3. ਡੱਬੇ ਵਿੱਚ ਬੰਦ ਕਰਨ ਦਾ ਮਹੀਨਾ ਅਤੇ ਸਾਲ।
4. ਬਨਾਉਣ ਅਤੇ ਪੈਕ ਕਰਨ ਵਾਲੇ ਦਾ ਨਾਮ ਅਤੇ ਪੂਰਾ ਪਤਾ ਆਦਿ

ਦਾ ਵੀ ਨਿਰੀਖਣ ਕਰਕੇ ਮੌਕੇ ਤੇ ਬਣਦੀ ਕਾਨੂੰਨੀ ਕਾਰਵਾਈ ਕਰਦਾ ਹੈ।